Witness Service
Helping people in court

# Going to court

### Information for witnesses and victims going to magistrates' court or Crown Court

# ਅਦਾਲਤ ਜਾਣਾ

### ਜੁਰਮ ਦਾ ਨਿਸ਼ਾਨਾ ਬਣਨ ਵਾਲਿਆਂ ਅਤੇ ਗਵਾਹਾਂ ਲਈ ਮੈਜਿਸਟ੍ਰੇਟਸ ਕੋਰਟ ਅਤੇ ਕ੍ਰਾਊਨ ਕੋਰਟ ਜਾਣ ਬਾਰੇ ਜਾਣਕਾਰੀ

**ਅਦਾਲਤ ਜਾਣਾ?**
ਗਵਾਹ ਜਾਂ ਜੁਰਮ ਦਾ ਨਿਸ਼ਾਨਾ ਬਣਨ ਵਾਲੇ ਦੇ ਤੌਰ 'ਤੇ ਅਦਾਲਤ ਜਾਣ ਬਾਰੇ ਤੁਹਾਨੂੰ ਕਾਫ਼ੀ ਚਿੰਤਾ ਹੋ ਸਕਦੀ ਹੈ, ਖ਼ਾਸ ਤੌਰ 'ਤੇ ਜੇ ਤੁਸੀਂ ਉੱਥੇ ਪਹਿਲੀ ਵਾਰ ਜਾਣਾ ਹੋਵੇ ਅਤੇ ਤੁਹਾਨੂੰ ਪਤਾ ਨਾ ਹੋਵੇ ਕਿ ਉੱਥੇ ਕੀ ਹੋ ਸਕਦਾ ਹੈ।

ਅਦਾਲਤ ਦੇ ਕੰਮ ਕਈ ਵਾਰ ਸਮਝ ਨਹੀਂ ਆਉਂਦੇ। ਇਸ ਪਰਚੇ ਵਿਚ ਦੱਸਿਆ ਗਿਆ ਹੈ ਕਿ ਗਵਾਹੀ ਦੇਣ ਦੇ ਕੰਮ ਬਾਰੇ ਜਾਣਕਾਰੀ ਅਤੇ ਮਦਦ ਤੁਸੀਂ ਕਿਵੇਂ ਲੈ ਸਕਦੇ ਹੋ।

**ਵਿਟਨੈੱਸ ਸਰਵਿਸ**
ਵਿਟਨੈੱਸ ਸਰਵਿਸ ਗਵਾਹਾਂ, ਜੁਰਮ ਦਾ ਨਿਸ਼ਾਨਾ ਬਣਨ ਵਾਲਿਆਂ, ਉਹਨਾਂ ਦੇ ਪਰਿਵਾਰਾਂ ਅਤੇ ਦੋਸਤਾਂ ਦੀ ਅਦਾਲਤੀ ਸੁਣਵਾਈ ਤੋਂ ਪਹਿਲਾਂ, ਦੌਰਾਨ ਅਤੇ ਬਾਅਦ ਵਿਚ ਮਦਦ ਕਰਦੀ ਹੈ।

ਇਸ ਸਰਵਿਸ ਨੂੰ ਵਿਕਟਿਮ ਸੁਪੋਰਟ ਚਲਾਉਂਦੀ ਹੈ, ਜੋ ਕੌਮੀ ਪੱਧਰ ਦੀ ਚੈਰਿਟੀ ਹੈ ਅਤੇ ਜੁਰਮ ਦੇ ਨਤੀਜਿਆਂ ਨਾਲ ਨਿਪਟਣ ਵਿਚ ਲੋਕਾਂ ਦੀ ਮਦਦ ਕਰਦੀ ਹੈ।

ਇੰਗਲੈਂਡ ਅਤੇ ਵੇਲਜ਼ ਵਿਚ ਹਰ ਕ੍ਰਾਊਨ ਕੋਰਟ ਸੈਂਟਰ ਅਤੇ ਮੈਜਿਸਟ੍ਰੇਟਸ ਕੋਰਟ ਵਿਚ ਵਿਟਨੈੱਸ ਸਰਵਿਸ ਹੈ।

ਇਹ ਸਰਵਿਸ ਰਾਜ਼ਦਾਰੀ ਨਾਲ ਅਤੇ ਮੁਫ਼ਤ ਮਦਦ ਦਿੰਦੀ ਹੈ।

ਸਾਡੇ ਮਾਹਰ ਵਾਲੰਟੀਅਰ ਅਦਾਲਤ ਦੇ ਕੰਮਾਂ ਬਾਰੇ ਜਾਣਕਾਰੀ ਅਤੇ ਜਜ਼ਬਾਤੀ ਮਦਦ ਦਿੰਦੇ ਹਨ।

ਵਿਟਨੈੱਸ ਸਰਵਿਸ ਆਮ ਤੌਰ 'ਤੇ ਅਦਾਲਤੀ ਸੁਣਵਾਈ ਤੋਂ ਪਹਿਲਾਂ ਤੁਹਾਡੇ ਨਾਲ ਰਾਬਤਾ ਕਰਕੇ ਤੁਹਾਨੂੰ ਅਗਾਊਂ ਸੇਵਾਵਾਂ ਦੇਣ ਦੀ ਪੇਸ਼ਕਸ਼ ਕਰਦੀ ਹੈ।

**ਵਿਟਨੈਸ ਸਰਵਿਸ ਇਹਨਾਂ ਦੀ ਮਦਦ ਕਰਦੀ ਹੈ:**
- ਜਿਹਨਾਂ ਲੋਕਾਂ ਨੂੰ ਗਵਾਹੀ ਦੇਣ ਲਈ ਬੁਲਾਇਆ ਜਾਂਦਾ ਹੈ, ਜਿਹਨਾਂ ਵਿਚ ਬਚਾਓ ਪੱਖ ਦੇ ਗਵਾਹ ਵੀ ਸ਼ਾਮਿਲ ਹਨ
- ਜੁਰਮ ਦਾ ਨਿਸ਼ਾਨਾ ਬਣਨ ਵਾਲੇ, ਉਹਨਾਂ ਦੇ ਪਰਿਵਾਰ ਵਾਲੇ ਅਤੇ ਦੋਸਤ ਜਿਹਨਾਂ ਨੂੰ ਅਦਾਲਤ ਵਿਚ ਜਾਣਾ ਪਏ
- ਬੱਚੇ ਅਤੇ ਬਾਲਗ਼ ਲੋਕ।

**ਜੇ ਤੁਸੀਂ ਅਦਾਲਤ ਜਾ ਰਹੇ ਹੋ, ਤਾਂ ਇਹ ਕੁਝ ਨਾਲ ਲੈ ਜਾਣਾ ਤੁਹਾਡੇ ਲਈ ਚੰਗੀ ਗੱਲ ਹੋਏਗੀ:**
- ਕੋਈ ਦੋਸਤ ਜਾਂ ਰਿਸ਼ਤੇਦਾਰ - ਅਦਾਲਤ ਵਿਚ ਇਕੱਲੇ ਜਾਣਾ ਤੁਹਾਡੇ ਲਈ ਜ਼ਰੂਰੀ ਨਹੀਂ (ਸੈਂਟਰਲ ਕ੍ਰਿਮੀਨਲ ਕੋਰਟ, ਜਿਹਨੂੰ ਓਲਡ ਬੇਅਲੀ ਵੀ ਆਖਦੇ ਹਨ, ਨੂੰ ਤੁਹਾਨੂੰ ਪਹਿਲਾਂ ਨੋਟਿਸ ਦੇਣਾ ਪਏਗਾ ਕਿ ਤੁਸੀਂ ਕਿਸੇ ਨੂੰ ਆਪਣੇ ਨਾਲ ਲਿਆ ਰਹੇ ਹੋ)

Witness Service
Helping people in court

- ਕੇਸ ਬਾਰੇ ਜਿਹੜੀ ਜਾਣਕਾਰੀ ਤੁਹਾਡੇ ਕੋਲ ਹੈ (ਜਿਵੇਂ ਤੁਹਾਡੇ ਕੇਸ ਨੂੰ ਸੰਭਾਲਣ ਵਾਲੇ ਪੁਲਿਸ ਅਫ਼ਸਰ ਦਾ ਨਾਂ, ਜੇ ਤੁਹਾਨੂੰ ਪਤਾ ਹੈ)
- ਜਿਸ ਖ਼ਤ ਵਿਚ ਤੁਹਾਨੂੰ ਅਦਾਲਤ ਵਿਚ ਆਉਣ ਲਈ ਆਖਿਆ ਗਿਆ ਹੈ, ਜੇ ਇਹ ਖ਼ਤ ਤੁਹਾਨੂੰ ਮਿਲਿਆ ਹੈ
- ਪੜ੍ਹਨ ਜਾਂ ਕਰਨ ਲਈ ਕੁਝ - ਕੇਸ ਦੀ ਸੁਣਵਾਈ ਲਈ ਤੁਹਾਨੂੰ ਕਾਫ਼ੀ ਦੇਰ ਉਡੀਕ ਕਰਨੀ ਪੈ ਸਕਦੀ ਹੈ
- ਦਿਨ ਦੇ ਖ਼ਰਚ, ਜਿਵੇਂ ਕਾਰ ਪਾਰਕਿੰਗ ਜਾਂ ਖਾਣ ਪੀਣ ਦੇ ਖ਼ਰਚ ਜੋਗੇ ਪੈਸੇ।

**ਖ਼ਰਚਾ ਮੰਗਣਾ**

ਜੇ ਤੁਹਾਨੂੰ ਗਵਾਹ ਦੇ ਤੌਰ 'ਤੇ ਬੁਲਾਇਆ ਗਿਆ ਹੈ, ਤਾਂ ਤੁਸੀਂ ਮੁਕੱਦਮੇ ਮਗਰੋਂ ਆਪਣੇ ਖ਼ਰਚ ਦੇ ਪੈਸੇ ਮੰਗ ਸਕਦੇ ਹੋ। ਇਹਨਾਂ ਵਿਚ ਅਦਾਲਤ ਆਉਣ ਜਾਣ ਦਾ ਖ਼ਰਚ, ਬੱਚੇ ਦੀ ਜ਼ਰੂਰੀ ਦੇਖਭਾਲ, ਕਮਾਈ ਵਿਚ ਘਾਟਾ ਪੈਣ ਦਾ ਖ਼ਰਚ ਸ਼ਾਮਿਲ ਹਨ। ਇਹ ਖ਼ਰਚ ਮੰਗਣ ਬਾਰੇ ਹੋਰ ਜਾਣਕਾਰੀ ਵਿਟਨੈੱਸ ਸਰਵਿਸ ਤੋਂ ਲਓ।

**ਸਾਡੀ ਵਚਨ ਬੱਧਤਾ**

ਵਿਕਟਿਮ ਸੁਪੋਰਟ ਸਮਾਜ ਵਿਚ ਹਰ ਕਿਸਮ ਦੇ ਲੋਕਾਂ ਨੂੰ ਮਦਦ ਦਿੰਦੀ ਹੈ ਅਤੇ ਇਹ ਯਕੀਨੀ ਬਣਾਉਣ ਲਈ ਵਚਨ ਬੱਧ ਹੈ ਕਿ ਸਾਡੀ ਸਾਰੀ ਸੰਸਥਾ ਵਿਚ ਨਸਲੀ ਘੱਟ ਗਿਣਤੀਆਂ ਦੇ ਅਤੇ ਪਿਛੜੇ ਹੋਏ ਲੋਕਾਂ ਦਾ ਸਵਾਗਤ ਹੋਵੇ।

ਵਿਕਟਿਮ ਸੁਪੋਰਟ ਜੁਰਮ ਦਾ ਨਿਸ਼ਾਨਾ ਬਣਨ ਵਾਲੇ ਲੋਕਾਂ ਨੂੰ ਜਿਹੜੀਆਂ ਸੇਵਾਵਾਂ ਦਿੰਦੀ ਹੈ ਉਹਨਾਂ ਬਾਰੇ ਉਹ ਲੋਕਾਂ ਦੇ ਵਿਚਾਰਾਂ ਅਤੇ ਸੁਝਾਵਾਂ ਦਾ ਸਵਾਗਤ ਕਰਦੀ ਹੈ। ਜੇ ਤੁਸੀਂ ਸਮਝਦੇ ਹੋ ਕਿ ਕੋਈ ਗੱਲ ਵਿਗੜ ਗਈ ਹੈ, ਤਾਂ ਸ਼ਿਕਾਇਤ ਕਰਨ ਦਾ ਰਸਮੀ ਢੰਗ ਵੀ ਹੈ। ਇਹਦੇ ਬਾਰੇ ਹੋਰ ਜਾਣਕਾਰੀ ਲੈਣ ਲਈ ਤੁਸੀਂ ਵਿਕਟਿਮ ਸੁਪੋਰਟ / ਵਿਟਨੈੱਸ ਸਰਵਿਸ ਦੀ ਲੋਕਲ ਬਰਾਂਚ ਜਾਂ ਨੈਸ਼ਨਲ ਆਫ਼ਿਸ ਨਾਲ ਗੱਲ ਕਰੋ।

**ਹੋਰ ਜਾਣਕਾਰੀ**

ਹੋਮ ਆਫ਼ਿਸ ਦਾ ਪ੍ਰਕਾਸ਼ਿਤ ਕੀਤਾ ਪਰਚਾ *Witness in Court (ਅਦਾਲਤ ਵਿਚ ਗਵਾਹ)* ਪੜ੍ਹਨਾ ਤੁਹਾਡੇ ਲਈ ਲਾਹੇਵੰਦ ਹੋ ਸਕਦਾ ਹੈ। ਜੇ ਤੁਹਾਡੀ ਲੋਕਲ ਪੁਲਿਸ ਨੇ ਤੁਹਾਨੂੰ ਅਦਾਲਤ ਵਿਚ ਪੇਸ਼ ਹੋਣ ਦੀ ਤਾਰੀਖ਼ ਦੱਸਣ ਲਈ ਖ਼ਤ ਲਿਖਿਆ ਸੀ, ਤਾਂ ਉਹਨਾਂ ਨੇ ਇਸ ਪਰਚੇ ਦੀ ਕਾਪੀ ਵੀ ਤੁਹਾਨੂੰ ਭੇਜੀ ਹੋਏਗੀ।

**ਵਿਟਨੈੱਸ ਸਰਵਿਸ ਤੁਹਾਨੂੰ ਇਹ ਕੁਝ ਦੇ ਸਕਦੀ ਹੈ:**

- ਕੋਈ ਵਿਅਕਤੀ ਜਿਹਦੇ ਨਾਲ ਤੁਸੀਂ ਰਾਜ਼ਦਾਰੀ ਨਾਲ ਗੱਲ ਬਾਤ ਕਰ ਸਕਦੇ ਹੋ
- ਹੋ ਸਕੇ ਤਾਂ ਤੁਹਾਡੀ ਗਵਾਹੀ ਤੋਂ ਪਹਿਲਾਂ ਤੁਹਾਨੂੰ ਕੋਰਟ ਸੈਂਟਰ ਅਤੇ ਅਦਾਲਤ ਦਾ ਕਮਰਾ ਦਿਖਾਉਣਾ
- ਅਦਾਲਤ ਦੇ ਕੰਮ ਕਰਨ ਦੇ ਢੰਗਾਂ ਬਾਰੇ ਜਾਣਕਾਰੀ
- ਕੋਈ ਸ਼ਾਂਤ ਥਾਂ ਜਿੱਥੇ ਤੁਸੀਂ ਸੁਣਵਾਈ ਤੋਂ ਪਹਿਲਾਂ ਉਡੀਕ ਕਰ ਸਕੋ
- ਜੇ ਤੁਸੀਂ ਗਵਾਹੀ ਦੇਣੀ ਹੈ ਤਾਂ ਅਦਾਲਤ ਵਿਚ ਤੁਹਾਡੇ ਨਾਲ ਜਾਣ ਲਈ ਕੋਈ ਵਿਅਕਤੀ
- ਕੁਝ ਕੰਮ ਕਰਨ ਵਿਚ ਮਦਦ, ਜਿਵੇਂ ਖ਼ਰਚਾ ਮੰਗਣ ਦਾ ਫ਼ਾਰਮ ਭਰਨ ਵਿਚ
- ਤੁਹਾਡਾ ਰਾਬਤਾ ਉਹਨਾਂ ਲੋਕਾਂ ਨਾਲ ਕਰਵਾਉਣਾ ਜੋ ਕੇਸ ਬਾਰੇ ਤੁਹਾਡੇ ਸਵਾਲਾਂ ਦੇ ਜਵਾਬ ਦੇ ਸਕਣ (ਵਿਟਨੈੱਸ ਸਰਵਿਸ ਵਾਲੇ ਸਬੂਤਾਂ ਜਾਂ ਗਵਾਹੀ ਬਾਰੇ ਗੱਲ ਬਾਤ ਨਹੀਂ ਕਰ ਸਕਦੇ ਅਤੇ ਕਾਨੂੰਨੀ ਸਲਾਹ ਨਹੀਂ ਦੇ ਸਕਦੇ)
- ਕੇਸ ਪੂਰਾ ਹੋਣ ਮਗਰੋਂ ਇਹਦੇ ਬਾਰੇ ਗੱਲ ਬਾਤ ਕਰਨ ਦਾ ਅਤੇ ਹੋਰ ਮਦਦ ਅਤੇ ਜਾਣਕਾਰੀ ਲੈਣ ਦਾ ਮੌਕਾ।

ਜੇ ਤੁਸੀਂ ਗਵਾਹ ਜਾਂ ਜੁਰਮ ਨਾਲ ਪੀੜਿਤ ਵਿਅਕਤੀ ਦੇ ਤੌਰ 'ਤੇ ਅਦਾਲਤ ਵਿਚ ਪੇਸ਼ ਹੋ ਰਹੇ ਹੋ, ਤਾਂ ਇਸ ਤਜਰਬੇ ਨੂੰ ਬਰਦਾਸ਼ਤ ਕਰਨ ਵਿਚ ਤੁਹਾਡੀ ਮਦਦ ਕਰਨ ਲਈ ਵਿਟਨੈਸ ਸਰਵਿਸ ਤੁਹਾਨੂੰ ਰਾਜ਼ਦਾਰੀ ਨਾਲ ਮੁਫ਼ਤ ਮਦਦ ਦੇ ਸਕਦੀ ਹੈ।

**Punjabi**
April 2002
ਅਪ੍ਰੈਲ 2002

Witness Service

Helping people in court

Victim Supportline

**0845 30 30 900**

ਵਿਕਟਿਮ ਸੁਪੋਰਟਲਾਈਨ ਤੁਹਾਡਾ ਰਾਬਤਾ ਤੁਹਾਡੇ ਨੇੜੇ ਦੀ ਵਿਟਨੈੱਸ ਸਰਵਿਸ ਨਾਲ ਕਰਵਾ ਸਕਦੀ ਹੈ।

ਪ੍ਰਕਾਸ਼ਕ: ਵਿਕਟਿਮ ਸੁਪੋਰਟ
ਪ੍ਰਧਾਨ: ਐਚ ਆਰ ਐਚ ਪ੍ਰਿੰਸੈਸ ਰਾਇਲ

Victim Support National Office, Cranmer House,
39 Brixton Road, London, SW9 6DZ
ਟੈਲੀਫ਼ੋਨ: 020 7735 9166 Fax: 020 7582 5712
ਵੈੱਬ: www.victimsupport.org

ਚੈਰਿਟੀ ਰਜਿਸਟ੍ਰੇਸ਼ਨ: 298028 ਕੰਪਨੀ ਨੰਬਰ: 2158780
ਇੰਗਲੈਂਡ ਵਿਚ ਰਜਿਸਟਰਡ ਅਤੇ ਗਾਰੰਟੀ ਰਾਹੀਂ ਲਿਮਿਟਡ
ਰਜਿਸਟਰਡ ਆਫ਼ਿਸ ਦਾ ਪਤਾ ਉੱਪਰ ਦੱਸਿਆ।

**Punjabi**
April 2002
ਅਪ੍ਰੈਲ 2002